# ਪਰਮੇਸ਼ਵਰ ਦੇ ਲੋਕ ਇੱਕਠੇ ਹੋ ਕੇ ਇਕ ਦਹੇ ਵਾਂਗਰ

# ਹਨ ਵਿੱਦ ਦੇਹ ਦੇ ਵਾਗਰ ਕੰਮ ਕਰਦੇ ਹਨ।

**ਪ੍ਰਾਥਨਾ:** ''ਪਿਆਰੇ ਪਰਮੇਸ਼ਵਰ, ਇਹ ਪੜ੍ਹਾਈ ਬੱਚਿਆਂ ਦੀ ਮੱਦਦ ਲਈ ਇਸਤੇਮਾਲ ਕਰੋ, ਕਿ ਉਹ ਇੱਕ ਦੂਜੇ ਦੀ ਸੇਵਾ ਕਰਨ, ਜਿਸ ਤਰ੍ਹਾਂ ਵੀ ਕੋਈ ਕਰ ਸਕਦਾ ਹੋਵੇ, ਨਾਲ ਕੰਮ ਕਰਨ, ਜਿਵੇ ਕਿਸੇ ਦੇ ਵੱਖ-ਵੱਖ ਕੰਮ ਕਰਦੇ ਹਨ।

ਬੱਚਿਆਂ ਦੀਆਂ ਸਿੱਖਣ ਵਾਲੀਆਂ ਗਤੀਵਿਧੀਆਂ ਵਿੱਚ ਉਨ੍ਹਾਂ ਨੂੰ ਚੁਣੋ ਜਿਹੜੀਆ ਉਨਾ ਦੀ ਉਮਰ ਲਈ ਠੀਕ ਹਨ ਅਤੇ ਇਸ ਵੇਲੇ ਮੌਜੂਦ ਹਨ



ਇੱਕ ਪਜਲ ਵਾਲੀ ਤਸਵੀਰ ਨੂੰ ਇੱਕਠਾ ਰੱਖਣ

- ਇੱਕ ਵੱਡੇ ਕਾਗਜ ਦੇ ਟੁੱਕੜੇ ਉੱਤੇ ਬੱਚੇ ਦੀ ਦੇਹ ਦਾ ਸਧਾਰਣ ਰੇਖਾ ਚਿੱਤਰ ਬਣਾਉ (ਇੱਕ ਵੱਡਾ ਅਤੇ ਚੰਗਾ)। ਇਸ ਨੂੰ ਬੱਚਿਆਂ ਨੂੰ ਦਿਖਾਉ।
- ਇਸ ਨੂੰ ਟੁਕੜਿਆਂ ਵਿੱਚ ਕੱਟ ਲਉ, ਤੇ ਹਰੇਕ ਬੱਚੇ ਨੂੰ ਇੱਕ ਟੁੱਕੜਾ ਦਿਉ। ਬੱਚੇ ਪਜ਼ਲ ਨੂੰ ਇੱਕਠਾ ਕਰਨ, ਉਨ੍ਹਾਂ ਜਗਾਵਾ ਦੇ ਟੁੱਕੜਿਆਂ ਨੂੰ ਜੋੜ ਕੇ ਜਿਥੇ ਇਹ ਸਹੀ ਬੈਠਦੇ ਹਨ। ਵੱਡੇ ਬੱਚੇ ਛੋਟਿਆਂ ਦੀ ਮੱਦਦ ਕਰਨ।
- ਜੇ ਸਮੂੰਹ ਛੋਟਾ ਹੋਵੇ, ਤਾਂ ਤੁਸੀ ਪਹਿਲਾ ਤੋਂ ਹੀ ਕਮਰੇ ਵਿੱਚ ਟੁਕੜਿਆਂ ਨੂੰ ਲੁੱਕਾ ਦਿਉ ਬੱਚੇ ਖੋਜਣ ਅਤੇ ਉਨ੍ਹਾਂ ਨੂੰ ਲੱਭਣ।
- ਜੇ ਸਮੂੰਹ ਵੱਡਾ ਹੋਵੇ, ਤਾਂ ਸ਼ਮੇ ਤੋਂ ਪਹਿਲਾਂ ਤਸਵੀਰ ਨੂੰ ਟੁਕੜਿਆਂ ਵਿੱਚ ਕੱਟ ਲਉ ਅਤੇ ਉਨ੍ਹਾਂ ਨੂੰ ਵੱਖ ਕਰਕੇ ਰੱਖੋ। ਬੱਚੇ ਕਈ ਸਮੂੰਹ ਬਣਾਉਣ, ਹਰੇਕ ਸਮੂੰਹ ਨੂੰ ਇੱਕ ਤਸਵੀਰ ਦਿਉ।
- ਹਰੇਕ ਬੱਚਾ ਕਿਸੇ ਚੀਜ ਬਾਰੇ ਆਖੇ, ਕਿ ਪਰਮੇਸ਼ਵਰ ਚਾਹੁੰਦਾ ਹੈ ਕਿ ਉਹ ਕਰਣ, ਜਦੋ ਉਹ ਤਸਵੀਰ ਦੇ ਕਾਗਜ ਦੇ ਟੁਕੜਿਆਂ ਨੂੰ ਜੋੜਨ, ਉਦਾਹਰਣ ਦਾ ਜਿਕਰ ਕਰੋ, ਮਾਤਾ-ਪਿਤਾ ਦੀ ਆਗਿਆ ਮੰਨਣਾ, ਪਰਮੇਸ਼ਵਰ ਉੱਤੇ ਭਰੋਸਾ ਰੱਖਣਾ, ਪਰਮੇਸ਼ਵਰ ਨੂੰ ਪਿਆਰ ਕਰਨਾ, ਲੋਕਾ ਨੂੰ ਪਿਆਰ ਕਰਨਾ, ਵੈਰੀਆ ਨੂੰ ਮਾਫ ਕਰਨਾ, ਇੱਕ ਦੂਜੇ ਦੀ ਸੇਵਾ ਕਰਨਾ, ਝੁੰਡ ਨੂੰ ਯਿਸ਼ੂ ਬਾਰੇ ਦੱਸਣਾ, ਅਰਾਧਨਾ, ਪ੍ਰਾਥਨਾ, ਬਾਈਬਲ ਨੂੰ ਪੜ੍ਹਨਾ ਆਦਿ
- ਵੱਡੇ ਬੱਚੇ ਛੋਟਿਆਂ ਦੀਆਂ ਕੁਝ ਚੀਜ਼ਾਂ ਬਾਰੇ ਸੋਚਣ ਵਿੱਚ ਮੱਦਦ ਕਰਣ, ਉਹ ਜਿਹੜੀਆਂ ਪਰਮੇਸ਼ਵਰ ਚਾਹੁੰਦਾ ਹੈ ਕਿ ਉਹ ਕਰਣ।

ਵੱਡਾ ਬੱਚਾ ਜਾਂ ਅਧਿਆਪਕ :- 1 ਕੁਰਿੰਥੀਆ 12:4-26 ਵਿੱਚੋ ਦੇਹ ਦੀ ਉਦਾਹਰਣ ਬਾਰੇ ਸਮਝਾਏ।

- ਅਸੀ ਆਪਣੀ ਕਲੀਸੀਆਂ ਨੂੰ ''ਇੱਕ ਦੇਹ'' ਆਖਦੇ ਹਾਂ ਕਿਉਕਿ ਅਸੀ ਸਾਰੇ ਮਸ਼ੀਹ ਯੀਸ਼ੂ ਨਾਲ ਸਬੰਧ ਰੱਖਦੇ ਹਾਂ। ਉਹ ਸਾਡਾ ਸਿਰ ਹੈ, ਅਤੇ ਅਸੀ ਸਾਰੇ ਉਹਦੀ ਦੇਹ ਹਾਂ।
- ਪਰਮੇਸ਼ਵਰ ਨੇ ਲੋਕਾਂ ਨੂੰ ਉਹਦੀਆਂ ਕਲੀਸੀਆਵਾਂ ਵਿੱਚ, ਖਾਸ ਕੰਮ ਵਿੱਚ ਦੂਜੇ ਦੀ ਸੇਵਾ ਕਰਨ ਲਈ ਦਿੱਤਾ ਹੈ।
- ਇਹ ਲੋਕ ਖਾਸ ਕੰਮ ਕਰਦੇ ਹਨ ਜਿਵੇ ਸਾਡੀ ਦੇਹ ਦੇ ਹਿੱਸੇ ਇੱਕਠੇ ਕਰਦੇ ਹਨ।

ਪ੍ਰਸ਼ਨਾ ਨੂੰ ਪੁੱਛੋ ਕਿ ਕਿਵੇ ਇੱਕ ਦੇਹ ਵਾਗ ਅਸੀ ਕੰਮ ਕਰਦੇ ਹਾਂ (ਉੱਤਰ ਹਰੇਕ ਪ੍ਰਸ਼ਨ ਦੇ ਬਾਦ ਦਿੱਤਾ ਗਿਆ ਹੈ)

- ਕਿਹੜੇ ਕੁਝ ਕੰਮ ਹਨ, ਜਿਹੜੇ ਕਲੀਸੀਆਵਾਂ ਵਿੱਚ ਲੋਕਾਂ ਕੋਲ ਹਨ? (ਦੇਖੋ ਆਇਤ 8-10)
- ਕੌਣ ਸਭਨਾ ਨੂੰ ਉਨ੍ਹਾਂ ਦੇ ਆਤਮਕ ਦਾਨ ਦਿੰਦਾ ਹੈ? (11)
- ਪਵਿੱਤਰ ਆਤਮਾ ਵਿਸ਼ਵਾਸੀਆਂ ਨੂੰ ਮਸ਼ੀਹ ਵਿੱਚ ਕਿਸ ਤਰ੍ਹਾਂ ਬਪਤਿਸਮਾ ਦਿੰਦਾ ਹੈ? (ਆਇਤਾ 12-14)
- ਕਿਸ ਤਰਾਂ ਦਾ ਘਾਟਾ ਹੁੰਦਾ, ਜਦੋ ਸਾਰੀ ਦੇਹ ਹੀ ਇੱਕ ਅੱਧ ਹੁੰਦੀ? (ਆਇਤ 17)
- ਸਾਨੂੰ ਉਦੋ ਕੀ ਕਰਨਾ ਹੈ ਜਦੋ ਇੱਕ ਜੰਣੇ ਨੂੰ ਦੇਹ ਵਿੱਚ ਤਕਲੀਫ ਹੁੰਦੀ ਜਾਂ ਉਹਨੂੰ ਆਦਰ ਮਿੱਲਦਾ ਹੈ? (ਆਇਤ 26)

ਬੱਚੇ ਇਹ ਦਿਖਾਣ, ਕਿ ਕਿਵੇ ਦੇਹ ਕਿਰਿਆ ਕਰਦੀ ਹੈ, ਜਦੋ ਲੋਕ ਇੱਕ ਦੂਜੇ ਨਾਲ ਕੰਮ ਨਹੀ ਕਰਦੇ।

- ਸਮਝਾਉ ਉਹ ਲੋਕ ਪੈਰ ਹਨ, ਜਿਹੜੇ ਕਿ ਪਰਮੇਸ਼ਵਰ ਦੇ ਬਾਰੇ ਸ਼ੁੱਭ ਸੰਦੇਸ਼ ਨੂੰ ਦੂਜਿਆਂ ਜਗਾਵਾਂ ਤੋਂ ਲੈ ਕੇ ਜਾਦੇ ਹਨ, ਫਿਰ ਆਖੋ, ''ਸਾਨੂੰ ਵਿਖਾਉ, ਕਿਸ ਤਰ੍ਹਾਂ ਦੇਹ ਤੁਰੇਗੀ, ਜਦੋ ਇਨ੍ਹਾਂ ਪੈਰਾ ਵਿੱਚ ਇੱਕ ਆਪਣੇ ਕੰਮ ਨੂੰ ਠੀਕ ਨਾਲ ਨਹੀ

ਕਰੇਗਾ।'' (ਬੱਚੇ ਇੱਕ ਪੈਰ ਉੱਤੇ ਟੱਪਣ)

- ਇਸ ਤਰ੍ਹਾਂ ਅੱਖਾਂ ਲਈ ਵੀ ਕਰੋ (ਉਹ ਲੋਕ ਜਿਹੜੇ ਵੇਖਦੇ ਹਨ, ਪਰਮੇਸ਼ਵਰ ਕੀ ਚਾਹੁੰਦਾ ਹੈ ਕਿ ਕਰਨ)

  1 ਕੁਰਿੰਥੀਆ 12 ਦੇ ਹਿੱਸਿਆਂ ਦਾ ਨਾਟਕ ਤਿਆਰ ਕਰੋ

- ਆਗੂਵੇ ਨਾਲ ਮਿੱਲ ਕੇ ਮੁੱਖ ਅਰਾਧਨਾ ਦੇ ਵੇਲੇ ਬੱਚਿਆਂ ਲਈ, ਕਿ ਉਹ ਇਹ ਛੋਟਾ ਨਾਟਕ ਬਾਲਿਗਾਂ ਨੂੰ ਦਿਖਾਣ, ਪ੍ਰਬੰਧ ਕਰੋ। ਤੁਸੀ ਇਹਦੇ ਕੁਝ ਹਿੱਸੇ ਹੀ ਇਸਤੇਮਾਲ ਕਰ ਸਕਦੇ ਹੋ। ਵੱਡੇ ਬੱਚੇ ਛੋਟਿਆਂ ਦੀ ਤਿਆਰੀ ਵਿੱਚ ਮੱਦਦ ਕਰਣ। ਇੱਕ ਵੱਡਾ ਬੱਚਾ ਪਰਮੇਸ਼ਵਰ ਦੀ ਅਵਾਜ ਬੋਲੇ।

  ਇੱਕ ਅਧਿਆਪਕ ਜਾ ਵੱਡਾ ਬੱਚਾ, ਜਿਹੜਾ ਕਿ ਨਾਟਕ ਵਿੱਚ ਅਧਿਆਪਕ ਦੇ ਹਿੱਸੇ ਚੰਗੀ ਤਰ੍ਹਾਂ ਕਰ ਸਕੇ

  ਵੱਡੇ ਬੱਚੇ ਇੰਨਾ ਹਿੱਸਿਆ ਨੂੰ ਕਰਨ, ਪੈਰਾਂ, ਹੱਥਾਂ, ਅੱਖਾਂ ਅਤੇ ਕੰਨਾਂ।

**ਅਧਿਆਪਕ:** ਸਮਝਾਉ ਆਇਤਾ 4-13 ਨੂੰ। ਫਿਰ ਆਖੋ, ''ਸੁਣੋ ਪਰਮੇਸ਼ਵਰ ਦਾ ਆਤਮਾ ਕੀ ਕਹਿੰਦਾ ਹੈ।''

**ਪਰਮੇਸ਼ਵਰ ਦੀ ਅਵਾਜ:** ''ਆਉ ਇੱਕ ਦੇਹ ਦਾ ਹਿੱਸਾ ਬਣੋ, ਜਦੋ ਮੈ ਤੁਹਾਨੂੰ ਬਪਤਿਸਮਾ ਦੇਵਾਂ, ਮੈ ਤੁਹਾਨੂੰ ਮਸ਼ੀਹ ਦੀ ਦੇ ਹ ਵਿੱਚ ਲੈ ਕੇ ਆਉਦਾਂ ਹਾਂ ਅਤੇ ਮੈ ਤੁਹਾਨੂੰ ਹਰੇਕ ਨੂੰ ਵੱਖ-ਵੱਖ ਕੰਮ ਕਰਨ ਲਈ ਦਿੰਦਾ ਹਾਂ। ਇਹ ਇੰਨ੍ਹਾਂ ਕੰਮਾਂ ਨੂੰ ਕਰਨ ਦੀ ਯੋਗਤਾ ਵੀ ਤੁਹਾਨੂੰ ਦਿੰਦਾ ਹਾਂ। ਇੰਨ੍ਹਾਂ ਆਤਮਕ ਦਾਨਾ ਨੂੰ ਇੱਕ ਦੂਜੇ ਦੀ ਸੇਵਾ ਕਰਨ ਵਿੱਚ ਇਸਤਮਾਲ ਕਰੋ।''

ਪੈਰ, ਹੱਥ, ਅੱਖਾਂ ਅਤੇ ਕੰਨ ਗੋਲ ਦਾਇਰੇ ਵਿੱਚ ਹੱਥਾਂ ਨੂੰ ਫੜ ਲੇਣ

ਗੋਲ-ਗੋਲ ਘੁੰਮਣ ਇੱਕ ਵਾਰ। ਜੇ ਸਮੂੰਹ ਵੱਡਾ ਹੋਵੇ ਤਾਂ ਚੱਕਰ ਵਿੱਚੋ ਵੱਡੇ ਚੱਕਰ ਨਾਲ।

**ਅਧਿਆਪਕ:** ਆਇਤਾ 14:21 ਸਮਝਾਉ : ਫਿਰ ਆਖੋ, ''ਸੁਣੋ ਆਲਸੀ ਦੇ ਪੈਰ ਕੀ ਆਖਦੇ ਹਨ।''

**ਪੈਰ:** ''ਚੱਕਰ (ਗੋਲ ਧਾਰੇ) ਨੂੰ ਛੱਡ ਦਿਉ। ਚੀਕੋ ਕੋਈ ਵੀ ਸਾਡੇ ਪੈਰਾਂ ਬਾਰੇ ਧਿਆਨ ਨਹੀ ਕਰਦਾ। ਅਸੀ ਸਮੂੰਹ ਨੂੰ ਛੱਡ ਜਾਵਾਂਗੇ।'' ਮੈਂ ਸੇਵਾ ਨਹੀ ਕਰ ਸਕਦਾ, ਜੇ ਮੈ ਹੱਥ ਨਹੀ ਹਾਂ, ਮੈ ਇੱਕ ਹੱਥ ਬਣਨਾ ਚਾਹੁੰਦਾ ਹਾਂ।''

(ਉਹ ਗੋਲਧਾਰੇ ਵਿੱਚ ਡਿੱਗ ਜਾਣ)

**ਕੰਨ:** (ਗੁੱਸੇ ਨਾਲ) ''ਮੈ ਸਿਰਫ ਇੱਕ ਕੰਨ ਹੀ ਹਾਂ।''

''ਮੈਨੂੰ ਇਹਦੇ ਬਜਾਏ ਅੱਖਾਂ ਹੋਣਾ ਚਾਹੀਦਾ ਸੀ।''(ਗੋਲਧਾਰੇ ਨੂੰ ਛੱਡ ਜਾਣ)

**ਹੱਥ:** '' ਮੈ ਇੱਕ ਹੱਥ ਹਾਂ, ਸਾਰਿਆਂ ਤੋ ਜਿਆਦਾ ਮਹੱਤਵਪੂਰਨ।'' ਮੈਨੂੰ ਤੁਹਾਡੇ ਨਾਲ ਰਹਿੰਣ ਦੀ ਜ਼ਰੂਰਤ ਨਹੀ ਹੈ।'' (ਛੱਡ ਜਾਵੇ)

**ਅੱਖਾ:** '' ਮੈ ਅੱਖ ਹਾਂ। ਨੱਕ ਮੈਨੂੰ ਤੇਰੀ ਲੋੜ ਨਹੀ ਹੈ।''

''ਮੈ ਤੇਰੇ ਬਿਨਾ ਹੀ ਚੰਗੀ ਤਰਾ ਵੇਖ ਸਕਦੀ ਹਾਂ।'' (ਛੱਡ ਜਾਵੇ)

**ਅਧਿਆਪਕ:** ਆਇਤਾ 22-26 ਸਮਝਾਏ, ਫਿਰ ਆਖੇ, ''ਸੁਣੋ ਪਵਿੱਤਰ ਆਤਮਾ ਕੀ ਆਖਦਾ ਹੈ।''

**ਪਰਮੇਸ਼ਵਰ ਦੀ ਅਵਾਜ:** ''ਤੁਸੀ ਸਾਰੇ, ਮੁੜ ਕੇ ਗੋਲਧਾਰੇ ਵਿੱਚ ਵਾਪਿਸ ਆਉ। ਪਰਮੇਸ਼ਵਰ ਤੁਹਾਨੂੰ ਹਰੇਕ ਨੂੰ ਇਸਤਮਾਲ ਕਰਦਾ ਹੈ।''



**ਪੈਰਾਂ, ਹੱਥ, ਅੱਖਾਂ, ਅਤੇ ਕੰਨ:** ਗੋਲਧਾਰਾ ਬਣਾਉਣ ਅਤੇ ਫਿਰ ਆਲੇ ਦੁਆਲੇ ਗੋਲ ਗੋਲ ਘੁੰਮਣ।

ਅਧਿਆਪਕ ਜਾ ਵੱਡਾ ਬੱਚਾ : ਉਨ੍ਹਾਂ ਸਭਨਾ ਦਾ ਧੰਨਵਾਦ ਕਰੇ, ਜਿੰਨ੍ਹਾ ਨੇ ਮੱਦਦ ਕੀਤੀ। ਜੇ ਬੱਚਿਆਂ ਨੇ ਇਹ ਕਹਾਣੀ ਬਾਲਿਗਾ ਲਈ ਪੇਸ਼ ਕੀਤੀ ਹੈ ਤਾਂ ਉਹ ਬਾਲਿਗਾਂ ਕੋਲੋ ਉੱਤੇ ਦਿੱਤੇ ਗਏ ਪ੍ਰਸ਼ਨਾਂ ਨੂੰ ਪੁੱਛਣ।

**ਸਲਾਹ ਮਸ਼ਵਰਾ:** ਬੱਚਿਆਂ ਅਤੇ ਬਾਲਿਗਾਂ ਨੂੰ ਉਹਨਾ ਤਰੀਕਿਆਂ ਬਾਰੇ ਆਖੋ, ਜਿੰਨ੍ਹਾਂ ਨਾਲ ਅਸੀ ਇੱਕ ਦੂਜੇ ਦੀ ਸੇਵਾ ਆਪਣੇ ਵੱਖ-ਵੱਖ ਦਾਨਾ ਨਾਲ ਕਰ ਸਕਦੇ ਹਾਂ।

ਇੱਕ ਆਮ ਹੱਥ ਦੀ ਤਸਵੀਰ ਬਣਾਉ, ਬੱਚੇ ਇਹਦੀ ਨਕਲ ਕਰਨ। ਉਨ੍ਹਾਂ ਨੂੰ ਉਨ੍ਹਾਂ ਦੀਆਂ ਤਸਵੀਰਾਂ ਨੂੰ ਆਉਣ ਵਾਲੀ ਅਰਾਧਨਾ ਵੇਲੇ ਬਾਲਿਗਾਂ ਨੂੰ ਦਿਖਾਣ ਦਿਉ। ਅਤੇ ਸਮਝਾਉ ਕਿ ਇਹ ਸਾਨੂੰ ਦੱਸਦੀਆਂ ਹਨ ਕਿਵੇ ਪਰਮੇਸ਼ਵਰ ਨੇ ਸਾਨੂੰ ਵੱਖ- ਵੱਖ

ਯੋਗਤਾਵਾਂ ਦਿੱਤੀਆਂ ਹਨ, ਜਿਸ ਕਰਕੇ ਅਸੀਂ ਸਾਰੇ ਇੱਕ ਦੂਜੇ ਦੀ ਸੇਵਾ, ਸਰੀਰ ਦੇ ਵੱਖ-ਵੱਖ ਹਿੱਸਿਆਂ ਵਾਂਗੂ ਕਰ ਸਕਦੇ ਹਾਂ।

ਯਾਦ ਕਰਨ ਵਾਸਤੇ। ਛੋਟੇ ਬੱਚੇ ਸਿੱਖਣ ਗਲਾਤੀਆ 5:13 ਵੱਡੇ, ਅਫਸੀਆਂ 4:15-16।

**ਕਵਿਤਾ:** ਪੰਜ ਬੱਚੇ, ਹਰੇਕ ਬੱਚਾ ਇੱਕ ਆਇਤ ਨੂੰ ਦੁਹਰਾਵੇ, ਜਬੂਰਾਂ ਦੀ ਪੋਥੀ 100 ਵਿੱਚੋਂ।

ਵੱਡੇ ਬੱਚੇ ਕਵਿਤਾਵਾਂ, ਗੀਤ, ਕਿਵੇ ਅਸੀ ਇੱਕਠੇ ਕੰਮ ਕਰਦੇ ਹਾਂ, ਇੱਕ ਦੇਹ ਦੇ ਵਾਂਗਰ, ਦੇ ਬਾਰੇ ਲਿੱਖਣ। ਉਹ ਇਹਨੂੰ ਹਫਤੇ ਦੇ ਦੌਰਾਨ ਵੀ ਕਰ ਸਕਦੇ ਹਨ।

**ਪ੍ਰਾਥਨਾ:** ''ਪਿਆਰੇ ਪਰਮੇਸ਼ਵਰ, ਤੁਹਾਡਾ ਧੰਨਵਾਦ ਕਿ ਤੁਸੀਂ ਸਾਨੂੰ ਹਰੇਕ ਨੂੰ ਸਾਡੇ ਸਮੂੰਹ ਵਿੱਚ ਕੰਮ ਕਰਨ ਲਈ ਦਿੱਤਾ। ਸਾਡੀ ਮੱਦਦ ਕਰੋ, ਇੱਕ ਦੂਜੇ ਦੀ ਸੇਵਾ ਕਰਨ ਵਿੱਚ। ਸਾਨੂੰ ਇਹ ਸੋਚਣ ਤੋ ਪਰੇ ਰੱਖੋ ਕਿ ਅਸੀਂ ਦੂਜਿਆਂ ਤੋ ਜਿਆਦਾ ਖਾਸ ਹਾਂ। ਸਾਡੀ ਇਹ ਯਾਦ ਰੱਖਣ ਵਿੱਚ ਮੱਦਦ ਕਰ, ਕਿ ਹਰੇਕ ਵਿਸ਼ਵਾਸੀ ਤੁਹਾਡੇ ਲਈ ਮਹੱਤਵਪੂਰਨ ਹੈ।

Copyright 2004 © by Paul-Timothy. May be freely copied. Download from www.Paul-Timothy.net